# Meeting of BRICS Ministers of Foreign Affairs/ International Relations

June 01, 2021

## BRICS ਦੇ ਵਿਦੇਸ਼ ਮਾਮਲਿਆਂ / ਅੰਤਰਰਾਸ਼ਟਰੀ ਸਬੰਧਾਂ ਦੇ ਮੰਤਰੀਆਂ ਦੀ ਬੈਠਕ

1 ਜੂਨ, 2021

ਭਾਰਤੀ ਗਣਰਾਜ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ 1 ਜੂਨ, 2021 ਨੂੰ ਵੀਡੀਓ ਕਾਨਫਰੈਂਸਿੰਗ ਰਾਹੀ BRICS ਦੇ ਵਿਦੇਸ਼ੀ ਮਾਮਲਿਆਂ / ਅੰਤਰਰਾਸ਼ਟਰੀ ਸਬੰਧਾਂ ਦੇ ਮੰਤਰੀਆਂ ਦੀ ਬੈਠਕ ਦੀ ਪ੍ਰਧਾਨਗੀ ਕੀਤੀ। ਬ੍ਰਾਜ਼ੀਲ ਸੰਘੀ ਗਣਰਾਜ ਦੇ ਵਿਦੇਸ਼ੀ ਮਾਮਲਿਆਂ ਬਾਰੇ ਮੰਤਰੀ ਰਾਜਦੂਤ ਕਾਰਲੋਸ ਅਲਬਰਟੋ ਫਰੈਂਕੋ ਫਰੈਂਕਾਂ, ਰੂਸੀ ਸੰਘ ਦੇ ਵਿਦੇਸ਼ ਮੰਤਰੀ ਰਾਜਦੂਤ ਸੇਰਗੇਈ ਲਾਵਰੋਵ, ਚੀਨੀ ਲੋਕ ਗਣਤੰਤਰ ਦੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਸ਼੍ਰੀ ਵਾਂਗ ਯੀ ਅਤੇ ਦੱਖਣੀ ਅਫਰੀਕਾ ਗਣਰਾਜ ਦੇ ਅੰਤਰਰਾਸ਼ਟਰੀ ਸਬੰਧਾਂ ਅਤੇ ਸਹਕਿਾਰਤਾ ਬਾਰੇ ਮੰਤਰੀ ਸ੍ਰੀਮਤੀ ਗ੍ਰੇਸ ਨਲੇਡੀ ਮੰਡੀਸਾ ਪਾਂਡੋਰ ਨੇ ਆਪੋ-ਆਪਣੇ ਵਫਦਾਂ ਦੀ ਅਗਵਾਈ ਕੀਤੀ।

ਮੰਤਰੀਆਂ ਨੇ ਰਾਜਨੀਤਕਿ ਅਤੇ ਸੁਰੱਖਿਆ, ਆਰਥਕਿ ਅਤੇ ਵੱਤਿ, ਅਤੇ ਲੋਕ ਪੱਧਰੀ ਅਤੇ ਸਭਆਿਚਾਰਕ ਵਟਾਂਦਰੇ ਦੇ ਤਨਿ ਥੰਮ੍ਹਾਂ ਦੇ ਅਧਾਰ ਤੇ BRICS ਅੰਦਰਲੇ ਸਹਯਿੋਗ ਨੂੰ ਅੱਗੇ ਵਧਾਉਣ ਬਾਰੇ ਵਚਿਾਰ ਵਟਾਂਦਰੇ ਕੀਤੇ।

ਮੰਤਰੀਆਂ ਨੇ COVID - 19 ਮਹਾਂਮਾਰੀ ਦੇ ਸਮਾਜਕਿ ਅਤੇ ਆਰਥਕਿ ਪ੍ਰਭਾਵਾਂ ਬਾਰੇ ਵੀ ਵਚਿਾਰ ਵਟਾਂਦਰੇ ਕੀਤੇ। ਮੰਤਰੀਆਂ ਨੇ ਬਹੁਪੱਖੀ ਪ੍ਰਣਾਲੀ ਵੱਿਚ ਸੁਧਾਰ ਦੀ ਜ਼ਰੂਰਤ ਬਾਰੇ ਵੀ ਵਚਿਾਰ ਵਟਾਂਦਰੇ ਕੀਤੇ। ਮੰਤਰੀਆਂ ਨੇ ਆਪਸੀ ਹਤਿਾਂ ਦੇ ਆਲਮੀ ਅਤੇ ਖੇਤਰੀ ਮੁੱਦਆਿਂ, ਟਕਿਾਊ ਵਕਿਾਸ, ਅੱਤਵਾਦ ਦਾ ਮੁਕਾਬਲਾ ਕਰਨ ਅਤੇ BRICS ਅੰਦਰਲੇ ਸਹਯਿੋਗ ਨੂੰ ਵਧਾਉਣ ਬਾਰੇ ਵੀ ਵਚਿਾਰ ਵਟਾਂਦਰੇ ਕੀਤੇ।

ਇਸ ਮੌਕੇ ਉਨ੍ਹਾਂ ਨੇ ਬਹੁਪੱਖੀ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਅਤੇ ਇਸ ਵੱਿਚ ਸੁਧਾਰ ਲਆਿਉਣ ਬਾਰੇ "BRICS ਸਾਂਝਾ ਮੰਤਰੀ ਪੱਧਰ ਬਆਿਨ" ਵੀ ਅੰਗੀਕਾਰ ਕਰਕੇ ਜਾਰੀ ਕੀਤਾ, ਜਸਿ ਅੰਦਰ ਸੰਯੁਕਤ ਰਾਸ਼ਟਰ ਅਤੇ ਇਸ ਦੇ ਪ੍ਰਮੁੱਖ ਅੰਗਾਂ - ਜਨਰਲ ਅਸੈਂਬਲੀ, ਸਕੱਤਰੇਤ ਅਤੇ ਆਰਥਕਿ ਅਤੇ ਸਮਾਜਕਿ ਕੌਂਸਲ (ECOSOC), IMF ਅਤੇ ਆਲਮੀ ਬੈਂਕ ਦੇ ਅੰਤਰਰਾਸ਼ਟਰੀ ਵੱਿਤੀ ਢਾਂਚੇ, WTO ਅਤੇ UNCTAD ਦੇ ਬਹੁਪੱਖੀ ਵਪਾਰਕ ਤੰਤਰ ਅਤੇ WHO ਨੂੰ ਕੇਂਦਰ ਵੱਿਚ ਰੱਖ ਕੇ ਬਣਆਿ ਆਲਮੀ ਸਹਿਤ ਤੰਤਰ ਸਣੇ ਸਾਰੇ ਬਹੁਪੱਖੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਇਸ ਵੱਿਚ ਸੁਧਾਰ ਦੀ ਫੌਰੀ ਲੋੜ 'ਤੇ ਜ਼ੋਰ ਦੱਿਤਾ। ਮੰਤਰੀਆਂ ਨੇ ਆਲਮੀ ਪ੍ਰਸ਼ਾਸਨ ਨੂੰ ਵਧੇਰੇ ਸਮਾਵੇਸ਼ੀ, ਪ੍ਰਤੀਨਧਿਤਾ ਅਤੇ ਭਾਗੀਦਾਰੀ ਵਾਲਾ ਬਣਾਉਣ ਦੀ ਅਪੀਲ ਕੀਤੀ ਤਾਂ ਜੋ ਫੈਸਲੇ ਲੈਣ ਦੀ ਆਲਮੀ ਪ੍ਰਕਰਿਆਿਵਾਂ ਅਤੇ ਤੰਤਰਾਂ ਵੱਿਚ ਵਕਿਾਸਸ਼ੀਲ ਅਤੇ ਘੱਟ ਵਕਿਸਤ ਦੇਸ਼ਾਂ ਦੀ ਵੱਧ ਤੋਂ ਵੱਧ ਅਰਥਪੂਰਨ ਭਾਗੀਦਾਰੀ ਹੋ ਸਕੇ ਅਤੇ ਇਸਨੂੰ ਸਮਕਾਲੀ ਹਕੀਕਤਾਂ ਨਾਲ ਬਹਿਤਰ ਢੰਗ ਨਾਲ ਜੋੜਆਿ ਜਾ ਸਕੇ। ਸੰਯੁਕਤ ਬਆਿਨ https://bit.ly/3g3G2RQ 'ਤੇ ਜਾਕੇ ਪੜ੍ਹਆਿ ਜਾ ਸਕਦਾ ਹੈ।

ਮੰਤਰੀਆਂ ਨੇ ਸਾਂਝੇ ਹਤਿਾਂ ਦੇ ਵੱਖ-ਵੱਖ ਮੁੱਦਆਿਂ ਬਾਰੇ ਮੀਡੀਆ ਬਆਿਨ ਵੀ ਅੰਗੀਕਾਰ ਕੀਤਾ। ਮੰਤਰੀਆਂ ਨੇ BRICS ਅੰਦਰਲੇ ਸਹਯਿੋਗ ਵੱਿਚ ਹੋਈ ਤਰੱਕੀ ਦੀ ਸਮੀਖਆਿ ਕੀਤੀ। COVID - 19 ਦੇ ਹਾਲਤ ਦੀ ਚਰਚਾ ਕਰਦੇ ਹੋਏ ਮੰਤਰੀਆਂ ਨੇ BRICS ਟੀਕਾ ਸੋਧ ਅਤੇ ਵਕਿਾਸ ਕੇਂਦਰ ਨੂੰ ਸਮੇਂ ਸਰਿ ਸਥਾਪਤਿ ਕਰਕੇ ਚਾਲੂ ਕੀਤੇ ਜਾਣ ਦੀ ਅਪੀਲ ਕੀਤੀ। ਮੰਤਰੀਆਂ ਨੇ ਟਕਿਾਊ ਵਕਿਾਸ ਲਈ ਏਜੰਡਾ 2030 ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ ਅਤੇ ਇਸ ਸਬੰਧ ਵੱਿਚ ਵਕਿਾਸ, ਸਮਰੱਥਾ ਨਰਿਮਾਣ ਲਈ ਵੱਿਤ ਅਤੇ

ਵਕਿਾਸਸ਼ੀਲ ਦੇਸ਼ਾਂ ਨੂੰ ਟੈਕਨਾਲੋਜੀ ਦੇ ਤਬਾਦਲੇ ਦੀ ਮਹੱਤਤਾ ਉੱਤੇ ਜ਼ੋਰ ਦਤਿਾ। ਮੰਤਰੀਆਂ ਨੇ CBDR - RC ਸਣੇ UNFCC ਦੇ ਸਧਿਾਂਤਾਂ ਅਧੀਨ ਹੋਏ ਪੈਰਸਿ ਸਮਝੌਤੇ ਪ੍ਰਤੀ ਆਪਣੀ ਹਮਿਾਇਤ ਜ਼ਾਹਰ ਕੀਤੀ। ਉਨ੍ਹਾਂ ਨੇ ਕਾਰਗਰ ਪ੍ਰਾਪਤੀ ਹਾਸਲ ਕਰਨ ਲਈ BRICS ਆਰਥਕਿ ਭਾਈਵਾਲੀ 2025 ਦੀ ਰਣਨੀਤੀ ਨੂੰ ਹਰ ਹੀਲੇ ਵਆਿਪਕ ਢੰਗ ਨਾਲ ਲਾਗੂ ਕਰਨ ਦੀ ਅਪੀਲ ਵੀ ਕੀਤੀ।

ਮੰਤਰੀਆਂ ਨੇ ਸਾਰੇ ਰੂਪਾਂ ਵਚਿ ਅੱਤਵਾਦ, ਭਾਵੇਂ ਉਹ ਕਸਿ ਵੇਲੇ ਹੋਵੇ, ਕਤਿੇ ਵੀ ਹੋਵੇ ਅਤੇ ਕੋਈ ਵੀ ਕਰੇ, ਦੀ ਸਖ਼ਤ ਨਖਿੇਧੀ ਕੀਤੀ। ਉਨ੍ਹਾਂ ਨੇ BRICS ਦੀ ਅੱਤਵਾਦ-ਰੋਧੀ ਰਣਨੀਤੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਪ੍ਰਤੀ ਆਪਣੀ ਵਚਨਬੱਧਤਾ ਜ਼ਾਹਰ ਕੀਤੀ, ਜਸਿ ਵਚਿ ਨਤੀਜਾ-ਅਧਾਰਤ ਕਾਰਜ ਯੋਜਨਾ ਵੀ ਸ਼ਾਮਲ ਹੈ।

ਮੰਤਰੀਆਂ ਨੇ B 2 B ਅਤੇ P 2 P ਫਾਰਮੈਟਾਂ, ਦੋਨਾਂ ਵਚਿ ਹੋਏ ਘਟਨਾਕ੍ਰਮ ਅਤੇ ਬੈਠਕਾਂ ਦਾ ਸਵਾਗਤ ਕੀਤਾ ਅਤੇ ਇਨ੍ਹਾਂ ਖੇਤਰਾਂ ਵਚਿ ਵਧੇਰੇ ਸਹਯਿੋਗ ਦੀ ਆਸ ਪ੍ਰਗਟਾਈ | ਮੀਡੀਆ ਬਆਿਨ https://bit.ly/3i9Zf75 'ਤੇ ਜਾਕੇ ਪੜ੍ਹਆਿ ਜਾ ਸੱਕਦਾ ਹੈ।

BRICS ਭਾਗੀਦਾਰਾਂ ਨੇ BRICS ਸਹਯਿੋਗ ਦੀ ਰਫਤਾਰ ਨੂੰ ਕਾਇਮ ਰੱਖਣ ਲਈ ਭਾਰਤ ਵੱਲੋ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।

ਨਵੀ ਦਲਿੀ
1 ਜੂਨ, 2021

DISCLAIMER: This is an approximate translation. The original is available in English on MEA’s website and may be referred to as the official press release.